Downloaded From : http://www.cbseportal.com

# ਪੰਜਾਬੀ (ਬਾਰਵੀਂ)

# PUNJABI ($12^{th}$)

**SET-A**

**(004)**

## SQP 2018-19

*ਸਮਾਂ ਸੀਮਾਂ: 3 ਘੰਟੇ*
*Time allowed: 3 hours*

*ਪੂਰਨ ਅੰਕ: 100*
*Maximum Marks: 100*

---

ਨੋਟ:- ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ।

1 ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ: (10)

ਗੱਲ-ਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵਲੋਂ ਬਖ਼ਸ਼ਿਆ ਇੱਕ ਵਰਦਾਨ ਹੈ ਅਤੇ ਜਾਨਵਰ-ਜਗਤ ਵਿੱਚੋਂ ਇਹ ਤੋਹਫ਼ਾ ਮਨੁੱਖ ਦੇ ਹੀ ਹਿੱਸੇ ਆਇਆ ਹੈ। ਉਂਞ, ਜਾਨਵਰ ਵੀ ਵੱਖ-ਵੱਖ ਤਰ੍ਹਾਂ ਦੀਆਂ ਆਵਾਜਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ। ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨਾ ਜ਼ਿੰਦਗੀ ਦਾ ਇੱਕ ਅਟੁੱਟ ਅੰਗ ਹੈ। ਆਪਸੀ ਗੱਲ-ਬਾਤ ਕਰਨ ਤੋਂ ਬਿਨਾਂ ਜ਼ਿੰਦਗੀ ਖੜ੍ਹੇ ਪਾਣੀ ਵਾਂਗ ਹੈ। ਤੁਸੀਂ ਕਿਵੇਂ ਗੱਲ-ਬਾਤ ਕਰਦੇ ਹੋ, ਯਾਨੀ ਤੁਹਾਡਾ ਗੱਲ ਕਰਨ ਦਾ ਅੰਦਾਜ਼ ਤੇ ਲਹਿਜਾ ਕਿਹੋ-ਜਿਹਾ ਹੈ, ਇਸਦਾ ਤੁਹਾਡੇ ਸਮਾਜਿਕ ਜੀਵਨ ਤੇ ਸਿੱਧਾ ਪ੍ਰਭਾਵ ਪੈਂਦਾ ਹੈ, ਕਿਉਂਕਿ ਬੋਲ ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਤੁਹਾਡੀਆਂ ਸਫਲਤਾਵਾਂ ਤੇ ਅਸਫਲਤਾਵਾਂ ਦਾ ਤੁਹਾਡੀ ਬੋਲ-ਬਾਦੀ ਨਾਲ ਸਿੱਧਾ ਸੰਬੰਧ ਹੈ। ਗੱਲਬਾਤ ਰਾਹੀਂ ਕੁਝ ਸਮੱਸਿਆਵਾਂ ਹੱਲ ਹੁੰਦੀਆਂ ਹਨ ਅਤੇ ਸਭ ਤੋਂ ਵੱਧ ਦਿਮਾਗੀ ਭਾਰ ਹੌਲਾ ਹੁੰਦਾ ਹੈ। ਇਹੋ ਕਾਰਣ ਹੈ ਕਿ ਵਿਚਾਰਾਂ ਦੇ ਲੈਣ-ਦੇਣ ਨਾਲ ਮਨੁੱਖ ਆਪਣੇ ਆਪ ਨੂੰ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਮਨੋਵਿਗਿਆਨ ਦੱਸਦਾ ਹੈ ਕਿ ਇੱਕ ਦੂਜੇ ਨਾਲ ਆਪਣੇ ਮਨ ਦੀ ਗੁੱਥੀ ਖੋਲ੍ਹਣ ਨਾਲ ਮਾਨਸਿਕ ਤਣਾਅ ਤੋਂ ਰਾਹਤ ਮਿਲਦੀ ਹੈ। ਕਿਉਂਕਿ ਇਸ ਨਾਲ ਮਨੁੱਖ ਦੀਆਂ ਕੁਝ ਸਮੱਸਿਆਵਾਂ ਸੁਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ। ਮਨੋਵਿਗਿਆਨ ਇਹ ਵੀ ਦੱਸਦਾ ਹੈ ਕਿ ਵਧੇਰੇ ਚੁੱਪ ਰਹਿਣ ਵਾਲਾ ਵਿਅਕਤੀ ਆਮ ਤੌਰ ਤੇ ਕਿਸੇ ਮਾਨਸਿਕ ਉਲਝਣ ਦਾ ਸ਼ਿਕਾਰ ਹੁੰਦਾ ਹੈ। ਅਜਿਹਾ ਵਿਅਕਤੀ, ਸੁਭਾਵਿਕ ਹੀ, ਆਪਣੇ ਆਲੇ-ਦੁਆਲੇ ਵਿਚਰਨ ਵਾਲੀ ਚੁੱਪ ਦਾ ਮਾਹੌਲ ਪੈਦਾ ਕਰਦਾ ਹੈ, ਜਦੋਂ ਕਿ ਅੱਛੀ ਤਰ੍ਹਾਂ ਗੱਲਬਾਤ ਕਰਨ ਦੇ ਸਲੀਕੇ ਤੋਂ ਵਾਕਫ਼ ਵਿਅਕਤੀ ਦੀ ਸ਼ਖਸੀਅਤ ਵਿੱਚ ਚੁੰਬਕੀ ਖਿੱਚ ਹੁੰਦੀ ਹੈ ਅਤੇ ਉਹ ਆਪਣੇ ਆਲੇ-ਦੁਆਲੇ ਤੀਆਂ ਵਰਗੀਆਂ ਖ਼ੁਸ਼ੀਆਂ ਖਿਲਾਰਦਾ ਹੈ।

Downloaded From : http://www.cbseportal.com Courtesy : CBSE

Downloaded From : http://www.cbseportal.com

ੳ) ਜਾਨਵਰ-ਜਗਤ ਵਿੱਚੋਂ ਮਨੁੱਖੀ ਨਸਲ ਲਈ ਕੁਦਰਤ ਨੇ ਕੀ ਵਰਦਾਨ ਬਖ਼ਸ਼ਿਆ ਹੈ?

ਅ) ਜਾਨਵਰ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕਿਵੇਂ ਕਰਦੇ ਹਨ?

ੲ) ਤੁਹਾਡੇ ਗੱਲ ਕਰਨ ਦੇ ਅੰਦਾਜ਼ ਦਾ ਤੁਹਾਡੇ ਸਮਾਜਿਕ ਜੀਵਨ ਤੇ ਕੀ ਪ੍ਰਭਾਵ ਪੈਂਦਾ ਹੈ?

ਸ) ਮਨੋਵਿਗਿਆਨ ਅਨੁਸਾਰ ਮਾਨਸਿਕ ਤਣਾਅ ਤੋਂ ਰਾਹਤ ਕਿਵੇਂ ਮਿਲਦੀ ਹੈ?

ਹ) ਪੈਰੇ ਦਾ ਢੁਕਵਾਂ ਸਿਰਲੇਖ ਦਿਓ?

ਪ੍ਰਸ਼ਨ:2 ਹੇਠਾਂ ਲਿਖੀ ਵਿਸ਼ਿਆਂ ਵਿਚੋਂ ਕਿਸੇ ਇੱਕ ਉੱਤੇ (200-250 ਸ਼ਬਦਾਂ ਦਾ) ਲੇਖ ਲਿਖੋ। (10)

(ੳ) ਪਾਣੀ ਦੀ ਮਹਾਨਤਾ ਤੇ ਸੰਭਾਲ

(ਅ) ਮੰਗਣਾ ਇੱਕ ਲਾਹਨਤ

(ੲ) ਨਾਨਕ ਦੁਖੀਆ ਸਭ ਸੰਸਾਰ

(ਸ) ਪੁਸਤਕਾਂ ਪੜ੍ਹਨ ਦੀ ਮਹੱਤਤਾ

ਪ੍ਰਸ਼ਨ੍3 ਤੁਹਾਡੇ ਮਾਤਾ ਜੀ ਨੇ ਨਵਾਂ-ਨਵਾਂ ਬਿਊਟੀ ਪਾਰਲਰ ਖੋਲ੍ਹਿਆ ਹੈ। ਇਸ ਸੰਬੰਧੀ ਅਖਬਾਰ ਵਿੱਚ ਦੇਣ ਲਈ ਇੱਕ ਇਸ਼ਤਿਹਾਰ ਲਿਖੋ। (7)

ਜਾਂ

ਤੁਹਾਡੇ ਸਕੂਲ ਵਿੱਚ ਸਾਹਿਤ ਸਭਾ ਦੀ ਮੀਟਿੰਗ ਸੰਬੰਧੀ ਇਕ ਨੋਟਿਸ ਤਿਆਰ ਕਰੋ।

ਪ੍ਰਸ਼ਨ4 ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਦੱਸੋ ਕਿ ਸ਼ਹਿਰ ਵਿੱਚ ਦਿਨ-ਪ੍ਰਤੀਦਿਨ ਗੁੰਡਾਗਰਦੀ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ ਅਤੇ ਇਹਨਾਂ ਤੋਂ ਬਚਣ ਲਈ ਸਰਕਾਰ ਕੁਝ ਠੋਸ ਕਦਮ ਚੁੱਕੇ। (8)

ਜਾਂ

ਤੁਹਾਡੇ ਸ਼ਹਿਰ ਵਿੱਚ ਬੱਚੇ ਚੁੱਕੇ ਜਾਣ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ। ਕਿਸੇ ਅਖਬਾਰ ਦੇ ਸੰਪਾਦਕ ਨੂੰ ਇਸ ਸੰਬੰਧ ਵਿੱਚ ਪੱਤਰ ਲਿਖੋ ਤਾਂ ਜੋ ਲੋਕ ਸੁਚੇਤ ਹੋ ਜਾਣ ਅਤੇ ਸਰਕਾਰ ਇਸ ਬਾਰੇ ਉਚਿੱਤ ਕਰਾਵਾਈ ਕਰੇ।

ਪ੍ਰਸ਼ਨ5 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਤਿੰਨ ਦੇ ਅਰਥ ਸਪੱਸ਼ਟ ਕਰੋ ਅਤੇ ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ: - (3)

(ੳ) ਦਾਲ ਨਾ ਗਲਣੀ

(ਅ) ਟੱਸ ਤੋਂ ਮੱਸ ਨਾ ਹੋਣਾ

Downloaded From : http://www.cbseportal.com Courtesy : CBSE

Downloaded From : http://www.cbseportal.com

(ੲ) ਪੈਰਾਂ ਤੇ ਪਾਣੀ ਨਾ ਪੈਣ ਦੇਣਾ

(ਸ) ਧੇਲੇ ਦੀ ਅਕਲ ਨਾ ਹੋਣੀ

(ਹ) ਮੁੱਠੀ ਗਰਮ ਕਰਨੀ

ਪ੍ਰਸ਼ਨ6 (I) ਹੇਠ ਲਿਖਿਆ ਵਿੱਚੋਂ ਸ਼ੁੱਧ ਸ਼ਬਦ ਜੋੜ ਚੁਣੋ: (2)

1 ੳ) ਸੋਜੀ

ਅ) ਸੋਝੀ

ੲ) ਸੌਂਜੀ

ਸ) ਛੋਜੀ

2 ੳ) ਅਉਗੁਣ

ਅ) ਔਗੁਣ

ੲ) ਔਂਗੁਣ

ਸ) ਆਉਗੁਣ

(II) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)

ੳ) ਸੈਕਹਣਾ

ਅ) ਜੇਹਲਮ

(III) ਸ਼ਬਦ ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰੱਖਦਿਆਂ ਦੱਸੋ ਕਿ ਹੇਠ ਲਿਖੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇ: (2)

ੳ) ਰਾਮ ਤੇ ਸ਼ਾਮ ਛੋਟੀ ਜਿਹੀ ਗੱਲ ਤੇ <u>ਖੇਹਬੜ/ ਖਹਿਬੜ</u> ਪਏ।

ਅ) ਦਰਿਆ ਦੇ ਪਾਣੀ ਨੇ ਕਈ ਪਿੰਡ <u>ਰੋੜ੍ਹ/ ਰੌੜ੍ਹ</u> ਦਿੱਤੇ।

ਪ੍ਰਸ਼ਨ7 ਹੇਠ ਲਿਖੇ ਪੈਰੇ ਨੂੰ ਸਹੀ ਵਿਸਰਾਮ-ਚਿੰਨ੍ਹ ਲਗਾਓ: (3)

ਮੈਂ ਏਸੇ ਘੜੀ ਤੋਂ ਇਹਨਾਂ ਹੀ ਪਲਾਂ ਤੋਂ ਏਨੇ ਵਰ੍ਹੇ ਤ੍ਰਹਿੰਦੀ ਰਹੀ ਤਾਂ ਏਸੇ ਘੜੀ ਤੋਂ ਡਰਦਿਆਂ ਮੈਂ ਤੇਰਾਂ ਵਰ੍ਹੇ ਓਸ ਘਰ ਵਿੱਚ ਕੱਟੇ ਜਿੱਥੇ ਮੈਂ ਹਰ ਰੋਜ਼ ਮਰਦੀ ਰਹੀ ਹਰ ਰੋਜ਼ ਮਰਦੀ ਰਹੀ

Downloaded From : http://www.cbseportal.com Courtesy : CBSE

Downloaded From : http://www.cbseportal.com

ਪ੍ਸ਼ਨ8 ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ। (3)

ੳ) ਉਹ ਮਿਹਨਤ ਕਰਦਾ ਜੇ ਤਾਂ ਪਾਸ ਹੋ ਜਾਂਦਾ

ਅ) ਅਸੀ ਇੱਕ ਪੰਜਾਬੀ ਬੋਲੀ ਦਾ ਨਾਵਲ ਲਿਖਿਆ ਹੈ

ੲ) ਤੁਹਾਡੇ ਪਿਤਾ ਜੀ ਚਲਾਣਾ ਕਰ ਗਏ ਅਫਸੋਸ

ਪ੍ਸ਼ਨ9 ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੇ ਹੇਠ ਦਿੱਤੇ ਪ੍ਸ਼ਨਾਂ ਦੇ ਉੱਤਰ ਲਿਖੋ: (8)

ਨਿੱਤ ਪਯਾਰ ਖਿੱਚ ਲਯਾਂਵਦਾ

ਕਰੇ ਅਰੂਪੋ ਰੂਪ,

ਅਰਸੀ ਪ੍ਰੀਤਮ ਹੈ ਕਈ

ਨਿੱਤ ਫਿਰ ਕਰੇ ਅਰੂਪ

ੳ) ਕੌਂਣ ਹਰ ਰੋਜ਼ ਖਿੱਚ ਕਿਸਨੂੰ ਲਿਆਉਂਦਾ ਹੈ?

ਅ) ਕੌਂਣ ਅਰੂਪੋ ਰੂਪ ਕਰਦਾ ਹੈ?

ੲ) ਕੌਂਣ ਹਰ ਰੋਜ਼ ਅਰੂਪ ਕਰਦਾ ਹੈ?

ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿੱਚੋਂ ਹਨ?

ਜਾਂ

ਕੀ ਉਹ ਹੁਸਨ ਹੁਸਨ ਹੈ ਸੱਚ ਮੁੱਚ

ਯਾ ਉਂਜੇ ਹੀ ਛਲਦਾ,

ਲੱਖ ਗਰੀਬਾਂ ਮਜ਼ਦੂਰਾਂ ਦੇ,

ਹੰਝੂਆਂ ਤੇ ਜੋ ਪਲਦਾ।

ੳ) ਕਵੀ ਹੁਸਨ ਨੂੰ ਛਲਾਵਾ ਕਿਉਂ ਕਹਿੰਦਾ ਹੈ?

ਅ) ਮਜ਼ਦੂਰਾਂ ਦੇ ਹੰਝੂਆਂ ਤੋਂ ਕੀ ਭਾਵ ਹੈ?

ੲ) ਕਵੀ ਨੇ ਮਜ਼ਦੂਰਾਂ, ਮਜ਼ਦੂਰਨੀਆਂ ਦੀ ਕਿਸ ਤਰ੍ਹਾਂ ਦੀ ਦਸ਼ਾ ਚਿਤਰੀ ਹੈ?

ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿੱਚੋਂ ਹਨ?

ਪ੍ਸ਼ਨ10 ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਸੰਗ ਸਹਿਤ ਵਿਆਖਿਆ ਕਰੋ: (7)

ਪਰ ਦਿਨ ਕੋਈ ਘਰੋਂ ਰੁੱਸ ਕੇ ਗਿਆ ਜੀਅ ਤਾਂ ਨਹੀ

Downloaded From : http://www.cbseportal.com Courtesy : CBSE

Downloaded From : http://www.cbseportal.com

ਜਿਸ ਦੀ ਕਦੀ ਕਿਤੇ ਦੱਸ ਪਵੇ, ਕਦੀ ਕਿਤੇ

ਤੇ ਫਿਰ ਕਿਸੇ ਸ਼ਾਮ

ਉਹ ਫਟੇ ਹਾਲ ਘਰ ਆ ਜਾਵੇ

ਜਾਂ ਕਿਸੇ ਸਟੇਸ਼ਨ ਤੇ ਗੱਡੀ ਉਡੀਕਦਾ ਮਿਲ ਜਾਵੇ।

ਜਾਂ

ਜ਼ਹਿਰੀ ਦੁੱਧ ਖ਼ੂਨੀ ਗਾਂ

ਕਿੱਥੇ ਲੱਭੀਏ ਕਬਰ ਲਈ ਥਾਂ

ਕੇਹਾ ਮੁਲਕ ਕੇਹਾ ਗਰਾਂ

ਮਰ ਗਿਆ ਹੁਣ ਸਦਾ ਨਿਆਂ

ਆਪਣੇ ਖ਼ੂਨ ਦੀ ਵਗੇ ਝਨਾਂ

ਰਿਸ਼ਤਿਆਂ ਦਾ ਕੀ ਰੱਖੀਏ ਨਾਂ

ਪ੍ਰਸ਼ਨ11 ਹੇਠਾਂ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ ਇੱਕ ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ। (3)

"ਪੰਜ-ਪੰਜ ਮਿੰਟ ਕਹਿੰਦੇ ਨੂੰ ਅੱਧੀ ਰਾਤ ਹੋ ਗਈ।

ਕੋਈ ਚੱਜਦੀ ਗੱਲਵੀ ਸਿਖਦੇ ਇਹਤੋਂ।"

ੳ) ਕਿਸ ਕੰਮ ਨੂੰ ਕਰਦਿਆਂ ਅੱਧੀ ਰਾਤ ਹੋ ਗਈ ਸੀ?

ਅ) ਕਿਸ ਤੋਂ ਚੱਜ ਦੀ ਗੱਲ ਸਿੱਖਣ ਬਾਰੇ ਪੁਛਿਆ ਗਿਆ ਹੈ?

ੲ) ਇਹ ਸ਼ਬਦ ਕਿਸਨੇ ਕਿਸਨੂੰ ਕਹੇ?

ਜਾਂ

"ਤੁਸੀਂ ਵੀ ਅੱਖਾਂ ਖੋਲ ਕੇ ਕਲਪਨਾ ਕਰ ਸਕਦੇ ਹੋ। ਕਲਪਨਾ ਮਨ ਕਰਦਾ ਹੈ। ਅੱਖਾਂ ਮੈਂ ਇਸ ਲਈ ਬੰਦ ਕਰਵਾਈਆਂ ਸਨ ਤਾਂ ਜੋ ਨੇੜੇ-ਨੇੜੇ ਦੀਆਂ ਚੀਜ਼ਾਂ ਤੁਹਾਡੀ ਇਕਾਗਰਤਾ ਤੇ ਕਲਪਨਾ ਵਿੱਚ ਵਿਘਨ ਨਾ ਪਾਉਣ।"

ੳ) ਇਨ੍ਹਾਂ ਸਤਰਾਂ ਵਿੱਚ 'ਕਲਪਨਾ' ਬਾਰੇ ਕੀ ਦੱਸਿਆ ਗਿਆ ਹੈ?

ਅ) ਵਿਘਨ ਨਾ ਪਾਉਣ ਦਾ ਕੀ ਅਰਥ ਹੈ?

ੲ) ਅੱਖਾਂ ਬੰਦ ਕਰਕੇ ਕਲਪਨਾ ਕਰਨ ਲਈ ਕਿਉਂ ਕਿਹਾ ਗਿਆ ਸੀ?

Downloaded From : http://www.cbseportal.com Courtesy : CBSE

Downloaded From : http://www.cbseportal.com

ਪ੍ਰਸ਼ਨ12 'ਗੁਆਚਿਆ ਮੁੰਡਾ ਨਾਵਲ ਦਾ ਵਿਸ਼ਾ ਵਸਤੂ ਕੀ ਹੈ? ਸਪੱਸ਼ਟ ਕਰੋ। (7)

ਜਾਂ

'ਗੁਆਚਿਆ' ਮੁੰਡਾ ਨਾਵਲ ਦਾ ਮੁੱਖ ਪਾਤਰ ਕੌਣ ਹੈ? ਉਸਦਾ ਚਰਿੱਤਰ ਚਿਤਰਨ ਕਰੋ।

ਪ੍ਰਸ਼ਨ13 ਹੇਠਾਂ ਲਿਖੇ ਕਥਾ-ਅੰਸ਼ਾਂ ਵਿੱਚੋਂ ਕਿਸੇ ਇੱਕ ਦੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਲਿਖੋ:

2+2+1=5

"ਉਹਨਾਂ ਦੀ ਗੱਲੀ ਛੱਡ, ਉਹ ਤਾਂ ਕਈ ਪਾਸਿਆਂ ਤੋਂ ਪੈਸੇ ਕੁਤਰਦੇ ਰਹਿੰਦੇ ਨੇ। ਅਸੀਂ ਘੱਟੋ-ਘੱਟ ਇਮਾਨਦਾਰ ਤਾਂ ਹਾਂ।"

ੳ) ਕਈ ਪਾਸਿਆਂ ਤੋਂ ਪੈਸੇ ਕੁਤਰਦੇ ਰਹਿੰਦੇ ਨੇ ਤੋਂ ਕੀ ਭਾਵ ਹੈ?

ਅ) ਕਿਸ ਪਾਤਰ ਦੀ ਇਮਾਨਦਾਰੀ ਦੀ ਗੱਲ ਹੋ ਰਹੀ ਹੈ?

ੲ) ਕਹਾਣੀ ਤੇ ਕਹਾਣੀਕਾਰ ਦਾ ਨਾਂ ਵੀ ਦੱਸੋ?

ਜਾਂ

"ਮੈਨੂੰ ਨਾ ਕਲਪਾਓ। ਮੈਂ ਘੜੀਆਂ ਪਲਾਂ ਦਾ ਪ੍ਰਾਹੁਣਾ ਜੇ! ਵੇਖਦੇ ਨਹੀਂ ਮੇਰਾ ਸਰੀਰ ਮਿੱਟੀ-ਮਿੱਟੀ ਹੋਈ ਜਾਂਦਾ ਏ। ਅੱਖਾਂ ਬੰਦ ਕਰਦਾ ਹਾਂ, ਤਾਂ ਜਾਪਦਾ ਹੈ ਹੁਣ ਬੀਤ ਗਿਆ ਹੈ ਕਿ ਹੁਣੇ ਬੀਤ ਗਿਆ। ਨਹੀਂ ਚਾਰਾ ਚਲਦਾ ਤੁਹਾਥੋਂ ਤੇ ਨਾ ਸਹੀ, ਪਰ ਮੈਨੂੰ ਤੰਗ ਨਾ ਕਰੋ।"

ੳ) ਗੱਲ ਕਰਨ ਵਾਲੇ ਦੀ ਹਾਲਤ ਕਿਹੋ ਜਿਹੋ ਜਾਪਦੀ ਹੈ?

ਅ) ਇਹ ਸ਼ਬਦ ਕਿਸਨੇ ਕਿਸਨੂੰ ਕਹੇ?

ੲ) ਕਹਾਣੀ ਤੇ ਕਹਾਣੀਕਾਰ ਦਾ ਨਾਂ ਦੱਸੋ?

ਪ੍ਰਸ਼ਨ14 ਕੀ 'ਮਾਂ ਦਾ ਲਾਡਲਾ' ਕਹਾਣੀ ਦਾ ਸਿਰਲੇਖ ਢੁੱਕਵਾਂ ਹੈ ਜਾਂ ਨਹੀਂ? ਵਿਚਾਰ ਕਰੋ। (5)

ਜਾਂ

'ਤੀਜੀ ਗੱਲ' ਕਹਾਣੀ ਦੇ ਆਧਾਰ ਤੇ ਦੀਨਾ ਨਾਥ ਦਾ ਚਰਿੱਤਰ ਚਿਤਰਨ ਕਰੋ?

ਪ੍ਰਸ਼ਨ15 ਗੁਰਮਤਿ ਕਾਵਿ ਦੀਆਂ ਵਿਸ਼ੇਸ਼ਤਾਈਆਂ ਬਾਰੇ ਆਪਣੇ ਵਿਚਾਰ 150 ਤੋਂ 200 ਸ਼ਬਦਾਂ ਵਿੱਚ ਦੱਸੋ। (10)

ਜਾਂ

ਸੂਫ਼ੀ ਕਾਵਿ ਦੀ ਉਤਪਤੀ ਤੇ ਵਿਕਾਸ ਬਾਰੇ 150 ਤੋਂ 200 ਸ਼ਬਦਾਂ ਵਿੱਚ ਲਿਖੋ।

Downloaded From : http://www.cbseportal.com Courtesy : CBSE

Downloaded From : http://www.cbseportal.com

16 ਕਦਰਾਂ-ਕੀਮਤਾਂ 'ਤੇ ਆਧਾਰਿਤ ਪ੍ਰਸ਼ਨ: (5)

"ਕਾਕਾ ਗੁਰੂ ਪੀਰ ਤਾਂ ਈ ਸਹਾਈ ਹੁੰਦੇ ਐ ਜੇ ਬੰਦਾ ਆਪ ਮਿਹਨਤ ਕਰੇ। ਜੇ ਹੱਥ ਤੇ ਹੱਥ ਧਰ ਕੇ ਬੈਠੇ ਰਹੇ, ਟੀ.ਵੀ. ਦੇਖਦੇ ਰਹੇ ਜਾਂ ਅਵਾਰਾਗਰਦੀ ਕਰਦੇ ਫਿਰੋ ਤਾਂ ਗੁਰੂ ਪੀਰ ਕੀ ਕਰ ਲਊ? ਦੱਸ ਮੈਨੂੰ।"

ਉਪਰਲੇ ਵਾਰਤਾਲਾਪ ਵਿੱਚ ਇੱਕ ਮਾਂ ਆਪਣੇ ਪੁੱਤਰ ਨੂੰ ਅੰਧ-ਵਿਸ਼ਵਾਸ ਤੋਂ ਸਾਵਧਾਨ ਕਰਦੀ ਅਤੇ ਮਿਹਨਤ ਲਈ ਪ੍ਰੇਰਦੀ ਦਿਖ ਰਹੀ ਹੈ। ਇਸ ਸੋਚ ਬਾਰੇ ਆਪਣੀ ਰਾਏ 100 ਕੁ ਸ਼ਬਦਾਂ ਵਿੱਚ ਲਿਖੋ।

****

Downloaded From : http://www.cbseportal.com Courtesy : CBSE